BRAMPTON Flower City brampton.ca

media release

13 ਜੂਨ, 2018

# ਬ੍ਰੈਂਪਟਨ ਦੇ ਆਰਥਿਕ ਭਵਿੱਖ ਲਈ ਇੱਕ ਨਵੀਂ ਯੋਜਨਾ

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ ਸਿਟੀ ਕਾਊਂਸਿਲ (Brampton City Council) ਨੇ ਬ੍ਰੈਂਪਟਨ ਲਈ ਨੌਕਰੀਆਂ ਅਤੇ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਟੀਚੇ ਅਤੇ ਤਰੀਕੇ ਨਿਯਤ ਕਰਦੇ ਹੋਏ, ਇੱਕ new Economic Development Master Plan (ਨਵੇਂ ਇਕੋਨੋਮਿਕ ਡੈਵਲੈਪਮੈਂਟ ਮਾਸਟਰ ਪਲਾਨ) ਨੂੰ ਮਨਜ਼ੂਰੀ ਦਿੱਤੀ ਹੈ।

ਸਿਟੀ ਦਾ ਟੀਚਾ ਬ੍ਰੈਂਪਟਨ ਦੀ ਸਥਿਤੀ ਨੂੰ ਖ਼ਾਸ ਟੀਚਿਆਂ ਦੇ ਨਾਲ, ਨਵੀਨਤਾ, ਪ੍ਰਤਿਭਾ, ਨੌਕਰੀਆਂ ਅਤੇ ਨਿਵੇਸ਼ ਵਿੱਚ ਇੱਕ ਗਲੋਬਲ ਲੀਡਰ ਦੇ ਤੌਰ 'ਤੇ ਲਿਆਉਣਾ ਹੈ – ਇਹਨਾਂ ਵਿੱਚ ਸ਼ਾਮਲ ਹੈ, ਬ੍ਰੈਂਪਟਨ ਵਿੱਚ ਅਗਲੇ 20 ਸਾਲਾਂ ਵਿੱਚ, 140,000 ਨੌਕਰੀਆਂ ਦਾ ਵਾਧਾ। ਇਹ ਨਵੀਨਤਾ, ਪ੍ਰਤਿਭਾ ਅਤੇ ਮੁਕਾਬਲੇਦਾਰੀ, ਅਤੇ ਨਿਵੇਸ਼ ਦੇ ਮੁੱਖ ਖੇਤਰਾਂ ਵਿੱਚ ਕਾਰਵਾਈਆਂ ਦੀ ਪਛਾਣ ਕਰਦਾ ਹੈ। ਸਿਫ਼ਾਰਿਸ਼ ਕੀਤੀਆਂ ਗਈਆਂ ਕੁਝ ਕਾਰਵਾਈਆਂ 'ਤੇ ਪਹਿਲਾਂ ਹੀ ਕੰਮ ਜਾਰੀ ਹੈ, ਜਦਕਿ ਦੂਜੀਆਂ ਲਈ ਬਜਟ ਸਬੰਧੀ ਸਲਾਹ ਮਸ਼ਵਰੇ ਵਿੱਚ ਵਿਚਾਰ ਕੀਤੇ ਜਾਣ ਵਾਲੇ ਵਸੀਲਿਆਂ ਜਾਂ ਨਿਵੇਸ਼ ਦੀ ਮੁੜ-ਵੰਡ ਕਰਨ ਦੀ ਲੋੜ ਹੈ। ਯੋਜਨਾ ਰਾਇਰਸਨ ਯੂਨੀਵਰਸਿਟੀ (Ryerson University) ਅਤੇ ਸ਼ੈਰੀਡਨ ਕਾਲੇਜ (Sheridan College), ਅਤੇ new downtown campus and Centre for Innovation (ਨਵੇਂ ਡਾਉਨਟਾਉਨ ਕੈਂਪਸ ਅਤੇ ਸੈਂਟਰ ਫਾਰ ਇਨੋਵੇਸ਼ਨ) ਦੇ ਨਾਲ ਭਾਈਵਾਲੀ ਤੋਂ ਮਿਲਣ ਵਾਲੇ ਮੌਕਿਆਂ 'ਤੇ ਅਧਾਰਿਤ ਹੈ।

ਇਕੋਨੋਮਿਕ ਡੈਵਲੈਪਮੈਂਟ ਮਾਸਟਰ ਪਲਾਨ (Economic Development Master Plan) ਨੌਕਰੀ ਅਤੇ ਨਿਵੇਸ਼ ਸਿਰਜਣਾ 'ਤੇ ਧਿਆਨ ਕੇਂਦਰਿਤ ਕਰਨ ਲਈ ਗ੍ਰੇਟਰ ਟੋਰੋਂਟੋ ਏਅਰਪੋਰਟ ਅਥਾਰਿਟੀ (Greater Toronto Airport Authority) ਦੇ ਨਾਲ ਆਰਥਿਕ ਸਬੰਧਾਂ ਦੇ ਨਿਰਮਾਣ ਦੀ ਗਤੀਵਿਧੀ ਸਮੇਤ, ਨਿੱਜੀ ਅਤੇ ਜਨਤਕ ਸੈਕਟਰਾਂ ਦੇ ਨਾਲ ਸਹਿਯੋਗ ਅਤੇ ਭਾਈਵਾਲੀ ਦੀ ਲੋੜ 'ਤੇ ਧਿਆਨ ਦਿੰਦਾ ਹੈ।

ਯੋਜਨਾ ਨੂੰ ਮਨਜ਼ੂਰੀ ਦੇਣ ਦੇ ਨਾਲ-ਨਾਲ, ਸਿਟੀ ਕਾਊਂਸਿਲ ਨੇ ਸਟਾਫ਼ ਨੂੰ ਖਾਲੀ ਥਾਂ ਡਾਉਨਟਾਉਨ ਨੂੰ, ਰਾਇਰਸਨ ਯੂਨੀਵਰਸਿਟੀ ਦੀਆਂ ਸਾਂਝੀਆਂ ਕੀਤੀਆਂ ਜਾਣ ਵਾਲੀਆਂ ਵਿਧੀਆਂ ਅਤੇ ਯੂਨੀਵਰਸਿਟੀ ਦੇ ਨਵੀਨਤਾ ਅਤੇ ਇਨਕਿਉਬੇਸ਼ਨ ਦੇ ਵਿਆਪਕ ਅਨੁਭਵ ਤੋਂ ਸਿੱਖੇ ਸਬਕਾਂ ਦੇ ਨਾਲ, ਇੱਕ ਬਿਜਨਸ ਇਨਕਿਉਬੇਟਰ (ਜੋ ਸਿਖਲਾਈ ਜਾਂ ਥਾਂ ਸਬੰਧੀ ਸੇਵਾਵਾਂ ਦੇ ਕੇ ਨਵੀਆਂ ਕੰਪਨੀਆਂ ਨੂੰ ਸਥਾਪਤ ਕਰਨ ਵਿੱਚ ਸਹਿਯੋਗ ਕਰਦਾ ਹੈ) ਵਿੱਚ ਬਦਲਣ ਦਾ ਅਧਿਕਾਰ ਦਿੱਤਾ ਹੈ।

ਬ੍ਰੈਂਪਟਨ ਦੇ ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ ਆਫਿਸ (Economic Development and Culture Office) ਨੇ ਪਹਿਲਾਂ ਦੇ (ਇਤਿਹਾਸਕ) ਆਰਥਿਕ ਸੂਚਕਾਂ ਦੀ ਸਮੀਖਿਆ ਅਤੇ ਬ੍ਰੈਂਪਟਨ ਦੀ ਮੌਜੂਦਾ ਆਰਥਿਕ ਸਥਿਤੀ ਦੇ ਇੱਕ ਵਿਸ਼ਲੇਸ਼ਣ ਦੇ ਨਾਲ 2017 ਵਿਚ ਇਸ ਯੋਜਨਾ ਨੂੰ ਵਿਕਸਿਤ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਸੀ। ਸਲਾਹਕਾਰ ਕੰਪਨੀ ਈ. ਅਤੇ ਵਾਈ. (E&Y) ਵੱਲੋਂ ਸਮਰਥਿਤ, ਸਿਟੀ ਨੇ ਸਿੱਖੇ ਗਏ ਸਬਕਾਂ ਨੂੰ ਜਾਣਨ ਲਈ ਅਤੇ ਬ੍ਰੈਂਪਟਨ ਵਾਂਗ ਹੀ ਸਮਾਨ ਅਨੁਭਵਾਂ ਵਾਲੇ ਸ਼ਹਿਰਾਂ ਦੀਆਂ ਬਿਹਤਰ ਵਿਧੀਆਂ ਨੂੰ ਸਮਝਣ ਲਈ ਛੇ ਤੁਲਨਾਤਮਕ ਸ਼ਹਿਰਾਂ 'ਤੇ ਵੀ ਵਿਚਾਰ ਕੀਤਾ ਸੀ। ਬ੍ਰੈਂਪਟਨ ਦੇ ਕਾਰੋਬਾਰੀ ਪ੍ਰਤੀਨਿਧੀਆਂ, ਐਨ.ਜੀ.ਓ. (NGO), ਸਿਟੀ ਕਾਊਂਸਲਰਾਂ ਅਤੇ ਸਟਾਫ਼ ਤੋਂ ਬਣੀ ਇੱਕ ਸੰਚਾਲਨ ਸਮਿਤੀ (Steering Committee) ਨੇ ਕੰਮ ਵਿੱਚ ਮਾਰਗਦਰਸ਼ਨ ਕੀਤਾ ਅਤੇ ਅੰਤਿਮ ਯੋਜਨਾ ਅਤੇ ਸਿਫ਼ਾਰਿਸ਼ਾਂ ਵਿੱਚ ਸਹਿਯੋਗ ਦਿੱਤਾ।

ਅਗਲੇ ਪੜਾਅ ਦੇ ਤੌਰ 'ਤੇ, ਇਕੋਨੋਮਿਕ ਡੈਵਲੈਪਮੈਂਟ (Economic Development) ਸਟਾਫ਼ ਨੌਕਰੀ ਸਿਰਜਣਾ, ਨਿਵੇਸ਼, ਨਵੀਨਤਾ ਅਤੇ ਐਂਟਰਪ੍ਰੀਨੀਅਰਸ਼ਿਪ ਲਈ ਪ੍ਰਦਰਸ਼ਨ ਮੈਟਰਿਕਸ ਵਿਕਸਿਤ ਕਰੇਗਾ। ਮੁੱਖ ਭਾਈਵਾਲਾਂ ਅਤੇ ਸਮੂਹਾਂ ਦੀਆਂ ਭੂਮਿਕਾਵਾਂ ਨੂੰ ਪਛਾਣਨ ਲਈ ਕੰਮ ਕੀਤਾ ਜਾਏਗਾ, ਅਤੇ ਜਿਵੇਂ ਹੀ ਕਾਰਵਾਈ ਯੋਜਨਾ ਲਾਗੂ ਹੁੰਦੀ ਹੈ ਅਤੇ ਨਤੀਜਿਆਂ ਦਾ ਅਨੁਮਾਨ ਲਗਾਇਆ ਜਾਂਦਾ ਹੈ, ਸਟਾਫ਼ ਮੁੱਖ ਦਰਸ਼ਕਾਂ ਦੇ ਨਾਲ ਢੁੱਕਵੀਂ ਗੱਲਬਾਤ ਨੂੰ ਯਕੀਨੀ ਬਣਾਵੇਗਾ।

**ਹਵਾਲੇ**

"ਬ੍ਰੈਂਪਟਨ ਦੂਜੇ ਕੈਨੇਡਿਅਨ ਅਤੇ ਗਲੋਬਲ ਸ਼ਹਿਰਾਂ ਲਈ ਇੱਕ ਵੱਡਾ ਮੁਕਾਬਲਾਕਾਰ ਬਣਨਾ ਚਾਹੁੰਦਾ ਹੈ। ਇਹ ਰਿਪੋਰਟ ਸੀਮਾ 'ਤੇ ਵੱਡੇ ਆਰਥਿਕ ਖਤਰੇ ਦੇ ਲੱਛਣਾਂ ਬਾਰੇ ਦੱਸਦੀ ਹੈ – ਖੁਸ਼ਖਬਰੀ ਇਹ ਹੈ ਕਿ ਅਸੀਂ ਭਵਿੱਖ ਲਈ ਸਾਡੀ ਮੁਕਾਬਲਾ ਕਰਨ ਦੀ ਯੋਗਤਾ ਅਤੇ ਯੋਜਨਾ ਨੂੰ ਵਧਾਉਣ ਲਈ ਪਹਿਲਾਂ ਹੀ ਕੁਝ ਬੇਬਾਕ ਕਦਮ ਚੁੱਕੇ ਹਨ। ਆਖ਼ਰਕਾਰ, ਇਹ ਰਿਪੋਰਟ ਸਾਨੂੰ ਸਿਟੀ ਆਫ ਬ੍ਰੈਂਪਟਨ (City of Brampton) ਵਿੱਚ ਵਧੀ ਹੋਈ ਨਵੀਨਤਾ ਅਤੇ ਮੁਕਾਬਲੇਦਾਰੀ ਹਾਸਲ ਕਰਨ ਲਈ ਜੋਖਮ ਵਾਲੀਆਂ ਕਾਰਵਾਈਆਂ ਕਰਨ, ਸਾਡੀ ਨਿਵੇਸ਼ ਗਤੀਵਿਧੀ ਨੂੰ ਵਧਾਉਣ ਅਤੇ ਕਾਰੋਬਾਰੀ ਭਾਈਚਾਰੇ ਅਤੇ ਅਕਾਦਮਿਕ ਖੇਤਰ ਦੇ ਨਾਲ ਮੁੱਖ ਭਾਈਵਾਲੀਆਂ ਕਰਨ ਲਈ ਉਤਸ਼ਾਹਿਤ ਕਰਦੀ ਹੈ।"

- *ਬ੍ਰੈਂਪਟਨ ਮੇਅਰ ਲਿੰਡਾ ਜੈਫਰੀ (Linda Jeffrey)*

"ਜਿਵੇਂ ਹੀ ਇਕੋਨੋਮਿਕ ਡੈਵਲੈਪਮੈਂਟ ਮਾਸਟਰ ਪਲਾਨ ਪ੍ਰਕਿਰਿਆ ਨੂੰ ਪ੍ਰਗਟ ਕੀਤਾ ਗਿਆ, ਸਾਨੂੰ ਬ੍ਰੈਂਪਟਨ ਦੇ ਅਤੇ ਬਾਹਰ ਦੇ ਕਈ ਸਟੇਕਹੋਲਡਰਾਂ ਵੱਲੋਂ ਤਰਜੀਹਾਂ ਅਤੇ ਵਿਚਾਰ ਪ੍ਰਾਪਤ ਹੋਏ ਹਨ। ਯੋਜਨਾ ਗਤੀਸ਼ੀਲ (ਜੋ ਸਾਵਧਾਨੀ ਨਾਲ ਸਫਲਤਾ ਪ੍ਰਾਪਤ ਕਰਨ ਦੀ ਵੱਧ ਤੋਂ ਵੱਧ ਸੰਭਾਵਨਾ ਲਈ ਤਿਆਰ ਕੀਤੀ ਗਈ ਹੈ) ਹੈ, ਅਤੇ ਸਫਲਤਾ ਲਈ ਸਿਟੀ ਦੇ ਟੀਚਿਆਂ ਦੇ ਵਿਪਰੀਤ ਸਪਸ਼ਟ ਅਤੇ ਵਾਰ-ਵਾਰ ਅਨੁਮਾਨ ਦੇ ਨਾਲ, ਲਗਾਤਾਰ ਇਨਪੁਟ ਅਤੇ ਭਾਈਵਾਲੀਆਂ ਦੀ ਲੋੜ ਹੋਵੇਗੀ।"

- *ਕਾਉਂਸਲਰ ਜੈਫ ਬੋਮੈਨ (Jeff Bowman), ਮੁਖੀ, ਇਕੋਨੋਮਿਕ ਡੈਵਲੈਪਮੈਂਟ*

"ਸਾਡੇ ਟੀਚਿਆਂ ਨੂੰ ਹਾਸਲ ਕਰਨ ਲਈ ਭਾਈਵਾਲੀਆਂ ਅਤੇ ਸਹਿਯੋਗ ਹੁਣ ਪਹਿਲਾਂ ਤੋਂ ਕਿਤੇ ਵੱਧ ਮਹੱਤਵਪੂਰਨ ਹੈ। ਯੋਜਨਾ ਜੀ.ਟੀ.ਏ.ਏ. (GTAA) ਦੇ ਨਾਲ ਆਰਥਿਕ ਸਬੰਧਾਂ ਦਾ ਨਿਰਮਾਣ ਕਰਨ ਲਈ ਸਾਡੇ ਕਾਰੋਬਾਰੀ ਭਾਈਚਾਰੇ ਦੇ ਨਾਲ, ਟੋਰੋਂਟੋ ਗਲੋਬਲ (Toronto Global) ਜਿਹੇ ਸੰਗਠਨਾਂ ਦੇ ਨਾਲ, ਰਾਇਰਸਨ ਅਤੇ ਸ਼ੈਰੀਡਨ ਜਿਹੇ ਅਕਾਦਮਿਕ ਭਾਈਵਾਲਾਂ ਦੇ ਨਾਲ ਮਜ਼ਬੂਤ ਕਾਰਜ ਸਬੰਧ ਵਿਕਸਿਤ ਕਰਨ ਦੀ ਲੋੜ ਨੂੰ ਪਛਾਣਦੀ ਹੈ।"

- *ਬੌਬ ਡਾਰਲਿੰਗ (Bob Darling), ਡਾਇਰੈਕਟਰ, ਬ੍ਰੈਂਪਟਨ ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ*

**ਇਕੋਨੋਮਿਕ ਡੈਵਲੈਪਮੈਂਟ ਮਾਸਟਰ ਪਲਾਨ ਸਬੰਧੀ ਤੱਥ:**

- **ਛੇ ਤੁਲਨਾਤਮਕ ਸ਼ਹਿਰ:** ਸਰੀ, ਬੀ.ਸੀ. (Surrey, BC); ਔਸਟਿਨ, ਟੈਕਸਾਸ (Austin, Texas); ਸਨ ਜੋਸੇ, ਕੈਲੀਫੋਰਨੀਆ (San Jose, California); ਚਾਰਲੋਟ, ਉੱਤਰੀ ਕੈਰੋਲਾਇਨਾ (Charlotte, North Carolina); ਕੋਲੰਬਸ ਓਹਿਓ (Columbus, Ohio); ਅਤੇ ਓਸਲੋ, ਨੋਰਵੇ (Oslo, Norway)
- **ਸੰਚਾਲਨ ਸਮਿਤੀ ਦੇ ਮੈਂਬਰ:** ਕਲਿੱਫ ਬੇਨਸੋਨ (Cliff Benson), ਵੀ.ਐਸ.ਈ.ਟੀ.ਏ. ਇੰਜੀਨੀਅਰਿੰਗ ਐਂਡ ਬ੍ਰੈਂਪਟਨ ਮਾਸਟਰਮਾਈਂਡ (VSETA Engineering and Brampton Mastermind); ਜੋ ਕ੍ਰੰਪ (Joe Crump), ਦ ਕ੍ਰੰਪ ਗਰੁੱਪ ਇੰਕ.; ਨੈਟਲੀ ਫ੍ਰਾਂਸਿਸ (Natalie Francis), ਮਾਰਕੀਟਿੰਗ ਸਟ੍ਰੈਟਜਿਸਟ; ਕੰਵਰ ਧੰਜਾਲ (Kanwar Dhanjal), ਜਸਟ ਇੰਸਟ੍ਰੂਮੈਂਟਸ ਇੰਕ.; ਏਵਨ ਮੂਰ

(Evan Moore), ਪ੍ਰਾਉਜ, ਡੈਸ਼ ਐਂਡ ਕ੍ਰਾਉਚ, ਐਲ.ਐਲ.ਪੀ.; ਰੋਡ ਰਾਈਸ (Rod Rice), ਰਾਈਸ ਡੈਵਲੈਪਮੈਂਟ ਕਾਰਪੋਰੇਸ਼ਨ; ਹੈਦਰ ਸਟ੍ਰਾਟੀ (Heather Strati), ਡੇਲੋਇਟ ਪ੍ਰਾਈਵੇਟ, ਅਤੇ ਮੁਖੀ, ਬ੍ਰੈਂਪਟਨ ਬੋਰਡ ਆਫ ਟ੍ਰੇਡ; ਸ਼ਾਲਿਨੀ ਦਾ ਕੁਨ੍ਹਾ (Shalini da Cunha), ਐਗਜੀਕਿਉਟਿਵ ਡਾਇਰੈਕਟਰ, ਪੀਲ ਹਾਲਟੋਨ ਵਰਕਫੋਰਸ ਡੈਵਲੈਪਮੈਂਟ ਗਰੁੱਪ; ਕਾਉਂਸਲਰ ਜੈਫ ਬੋਮੈਨ (Jeff Bowman); ਕਾਉਂਸਲਰ ਡਗ ਵ੍ਹਿਲੈਨਸ (Doug Whillans)

- **ਧਿਆਨ ਕੇਂਦਰਿਤ ਕਰਨ ਦੇ ਮੁੱਖ ਖੇਤਰ:** ਪ੍ਰਤਿਭਾ ਅਤੇ ਕਾਰਜਬਲ; ਨਿਵੇਸ਼; ਨਵੀਨਤਾ ਅਤੇ ਟੈਕਨੋਲੋਜੀ; ਰੋਜ਼ਗਾਰ ਵਾਸਤੇ ਵਰਤੀਆਂ ਜਾਣ ਵਾਲੀਆਂ ਜ਼ਮੀਨਾਂ; ਅਤੇ ਮੁਕਾਬਲੇਦਾਰੀ
- ਮਾਸਟਰ ਪਲਾਨ ਦਾ Brampton's 2040 Vision (ਬ੍ਰੈਂਪਟਨ ਦਾ 2040 ਦ੍ਰਿਸ਼ਟੀਕੋਣ) ਦੇ ਨਾਲ ਇੱਕ ਮਜ਼ਬੂਤ ਸਬੰਧ ਹੈ, ਅਤੇ ਇਹ ਅਜਿਹੀ ਗਤੀਵਿਧੀ ਨੂੰ ਲਾਗੂ ਕਰ ਰਿਹਾ ਹੈ, ਜੋ ਦ੍ਰਿਸ਼ਟੀਕੋਣ 'ਤੇ ਅਧਾਰਤ ਹੈ ਅਤੇ ਜੋ ਨਵੀਨਤਾ, ਡਾਉਨਟਾਉਨ ਦੇ ਵਿਕਾਸ, ਬ੍ਰੈਮਲੀ ਅਤੇ ਇੱਕ ਨਵੇਂ "ਅੱਪਟਾਉਨ" ਬਾਰੇ ਨਵੇਂ ਵਿਚਾਰਾਂ 'ਤੇ ਜ਼ੋਰ ਦੇਣ ਦੇ ਨਾਲ, ਬ੍ਰੈਂਪਟਨ ਨੂੰ ਖ਼ਾਸ ਬਣਾਉਂਦਾ ਹੈ।
- ਰਾਇਰਸਨ ਦੇ ਨਾਲ ਭਾਈਵਾਲੀ ਵਿੱਚ ਇਨਕਿਉਬੇਟਰ/ਸਹਿ-ਕਾਰਜ ਥਾਂ ਸ਼ਾਮਲ ਕਰਨ, ਇੱਕ ਨਿਵੇਸ਼ ਆਕਰਸ਼ਣ ਕਾਰਜਨੀਤੀ ਦਾ ਵਿਕਾਸ, ਐਡਵਾਂਸਡ ਮੈਨਯੁਫੈਕਚਰਿੰਗ ਸੁਪਰਕਲਸਟਰ (Advanced Manufacturing Supercluster) ਸਬੰਧੀ ਪ੍ਰਤਿਭਾ ਅਤੇ ਸਮਰੱਥਾ ਦਾ ਵਿਕਾਸ, ਬ੍ਰੈਂਪਟਨ ਦੇ ਕਾਰੋਬਾਰੀਆਂ ਅਤੇ ਐਂਟਰਪ੍ਰੀਨੀਅਰਾਂ ਲਈ ਇੱਕ ਔਨਲਾਈਨ ਨੈੱਟਵਰਕ ਦੀ ਸ਼ੁਰੂਆਤ, ਅਤੇ ਆਰਥਿਕ ਸਬੰਧਾਂ ਦਾ ਨਿਰਮਾਣ ਕਰਨ ਲਈ ਜੀ.ਟੀ.ਏ.ਏ. (GTAA) ਤੱਕ ਪਹੁੰਚ ਲਈ ਕੰਮ ਪਹਿਲਾਂ ਹੀ ਜਾਰੀ ਹੈ

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।